**Internal Quality Assurance Cell**
**Punjabi University, Patiala.**
(Established under Punjab Act No. 35 of 1961)

ਨੰ. 2778/ਆਈ.ਕਿਯੂ.ਏ.ਸੀ.

ਮਿਤੀ : 9/10/2017

## Proceedings of Meeting

ਮਾਣਯੋਗ ਵਾਈਸ ਚਾਂਸਲਰ ਜੀ ਦੀ ਪ੍ਰਧਾਨਗੀ ਹੇਠ ਮਿਤੀ 22.09.2017 ਨੂੰ ਦੁਪਹਿਰ 12:00 ਵਜੇ ਸਿੰਡੀਕੇਟ ਰੂਮ ਵਿਚ ਆਈ.ਕਿਊ.ਏ.ਸੀ. ਮੈਂਬਰ ਸਾਹਿਬਾਨ ਦੀ ਇਕਤਰਤਾ ਹੋਈ। ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜਰ ਸਨ:

1. Hon'ble Vice Chancellor
2. Dean, Academic Affairs
3. Registrar
4. Dean, Research
5. Additional, Dean Research
6. Director, University Computer Centre
7. Director, Planning and Monitoring
8. Prof. Raman K. Verma, Department of Chemistry
9. Dr. Charanjit Singh, Electronics and Communication Engineering
10. Director, Internal Quality Assurance Cell

ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾਇਰੀ ਨੰ. 8726
ਮਿਤੀ 9/10/17

**ਕਾਰਵਾਈ**

ਇਸ ਮੀਟਿੰਗ ਵਿਚ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**1. ਯੂਨੀਵਰਸਿਟੀ ਵਿਚ MOOC ਲਾਗੂ ਕਰਨ ਸਬੰਧੀ**

ਯੂਨੀਵਰਸਿਟੀ ਦੁਆਰਾ ਸੈਸ਼ਨ 2017-18 ਤੋਂ University ਦੀ teaching schemes ਵਿਚ Massive Open Online Courses (MOOCs) ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਸੀ। ਮੀਟਿੰਗ ਸੈਕਸ਼ਨ ਪਾਸੋਂ ਪ੍ਰਾਪਤ ਸੂਚਨਾ ਅਨੁਸਾਰ Batch 2017 ਤੋਂ 03 faculties (Engineering and Technology, Life Sciences and Medicine) ਅਤੇ Department of Mathematics ਨੇ ਕਾਰਵਾਈ ਕਰ ਲਈ ਹੈ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਬਾਕੀ 08 faculties ਅਧੀਨ ਆਉਣ ਵਾਲੇ ਵਿਭਾਗ ਆਪਣੀ-ਆਪਣੀ ਟੀਚਿੰਗ ਸਕੀਮ ਵਿਚ MOOCs ਦੀ ਵਿਵਸਥਾ Batch 2018 ਤੋਂ ਯਕੀਨੀ ਬਣਾਉਣ।

**2. ਵਿਦਿਆਰਥੀਆਂ ਵਾਸਤੇ Open Elective Subject ਨੂੰ ਲਾਜਮੀ ਕਰਨ ਜਾਂ ਨਾ ਕਰਨ ਸਬੰਧੀ।**

ਇਸ ਸਬੰਧ ਵਿਚ ਫੈਸਲਾ ਲਿਆ ਗਿਆ ਕਿ Open Elective Subject ਵਿਦਿਆਰਥੀਆਂ ਵਾਸਤੇ ਲਾਜਮੀ ਨਹੀਂ ਹੋਵੇਗਾ ਕਹਿਣ ਦਾ ਭਾਵ ਕਿ ਜੇਕਰ ਵਿਦਿਆਰਥੀ ਚਾਹੁੰਦੇ ਹਨ ਤਾਂ opt ਕਰਨ ਅਤੇ ਜੇਕਰ ਨਹੀਂ ਚਾਹੁੰਦੇ ਤਾਂ opt ਨਾ ਕਰਨ।

**3. Open Elective Subject ਨੂੰ ਪੜ੍ਹਾਉਣ ਦੇ ਸਮੇਂ ਸਬੰਧੀ**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਇਸ ਦਾ ਸਮਾਂ ਸ਼ਾਮ 4.00 ਵਜੇ ਤੋਂ 5.00 ਵਜੇ ਤਕ ਹੋਵੇਗਾ ਅਤੇ ਜਿਨ੍ਹਾਂ ਵਿਭਾਗਾਂ ਨੂੰ ਇਹ ਸਮਾਂ ਠੀਕ ਨਹੀਂ ਲਗਦਾ ਉਹ ਸਵੇਰੇ 8.00 ਵਜੇ ਤੋਂ 9.00 ਵਜੇ ਤਕ ਪੜ੍ਹਾ ਸਕਦੇ ਹਨ। ਇਸ ਵਿਸ਼ੇ ਨੂੰ ਪੜ੍ਹਾਉਣ ਵਾਸਤੇ ਕੋਈ ਵਾਧੂ ਅਦਾਇਗੀ ਨਹੀਂ ਕੀਤੀ ਜਾਵੇਗੀ।

4. **I.Q.A.C. ਦੀਆਂ ਗਤੀਵਿਧੀਆਂ ਸਬੰਧੀ**

ਇਸ ਸਬੰਧ ਵਿਚ ਫੈਸਲਾ ਲਿਆ ਗਿਆ ਕਿ I.Q.A.C. ਦੀਆਂ ਲਾਜ਼ਮੀ ਗਤੀਵਿਧੀਆਂ ਤੋਂ ਇਲਾਵਾ ਹੇਠ ਲਿਖੇ events ਕਰਵਾਏ ਜਾਣਗੇ :

(ੳ) ਫਰਵਰੀ 2018 ਦੇ ਦੂਸਰੇ ਹਫਤੇ ਵਿੱਚ ਇਕ Expert Talk-cum-Discussion (Topic to be decided in the next meeting).

(ਅ) ਸਾਰੇ ਵਿਭਾਗਾਂ ਦਾ ਨਿਰਧਾਰਿਤ ਕਮੇਟੀ ਰਾਹੀਂ Accademic Audit.

(ੲ) Participation in National Institutional Ranking Framework (NIRF) 2018

(ਸ) ਲੋੜ ਮੁਤਾਬਕ ਸਮੇਂ ਸਮੇਂ ਤੇ ਯੂਨੀਵਰਸਿਟੀ ਦੇ ਟੀਚਿੰਗ ਵਿਭਾਗਾਂ ਦੇ ਨੋਡਲ ਅਫਸਰਾਂ ਵਾਸਤੇ Accademic Audit/AQAR/MOOC/CBCS/NIRF ਸਬੰਧੀ Interactive Sessions।

5. **IQAC Committee ਸਬੰਧੀ।**

IQAC Committee ਦੇ 3 ਮੈਂਬਰ ਸਾਹਿਬਾਨ ਰਿਟਾਇਰ ਹੋ ਚੁੱਕੇ ਹਨ। ਇਸ ਸਬੰਧ ਵਿਚ ਫੈਸਲਾ ਲਿਆ ਗਿਆ ਕਿ ਕਮੇਟੀ ਵਿਚ ਲੋੜ ਮੁਤਾਬਿਕ ਕੁਝ ਹੋਰ ਮੈਂਬਰ ਸਾਹਿਬਾਨ ਸ਼ਾਮਿਲ ਕਰ ਲਏ ਜਾਣ।

6. **National Institutional Ranking Framework (NIRF) 2018**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਯੂਨੀਵਰਸਿਟੀ ਵਲੋਂ India Rankings 2018 ਵਾਸਤੇ National Institutional Ranking Framework 2018 ਵਿਚ participate ਕੀਤਾ ਜਾਵੇ। ਇਸ ਦੇ ਨਾਲ ਹੀ ਫੈਸਲਾ ਲਿਆ ਗਿਆ ਕਿ ਡੀਨ, ਅਕਾਦਮਿਕ ਮਾਮਲੇ ਵਲੋਂ ਸਾਰੇ ਵਿਭਾਗਾਂ ਨੂੰ ਜਿੱਥੇ ਜਿੱਥੇ ਸੰਭਵ ਹੈ ਉਥੇ Executive Development Programme ਸ਼ੁਰੂ ਕਰਨ ਵਾਸਤੇ ਪੱਤਰ ਭੇਜਿਆ ਜਾਵੇ।

7. **Academic Audit Reports for the session 2015-16 ਸਬੰਧੀ।**

ਇਸ ਸਬੰਧ ਵਿਚ ਪਾਇਆ ਗਿਆ ਕਿ ਸੈਸ਼ਨ 2015-16 ਵਿਚ Deans of different Faculities ਵਲੋਂ Academic Audit Reports ਪ੍ਰਾਪਤ ਨਹੀਂ ਹੋਈਆਂ ਸਨ। ਇਸ ਨੂੰ ਮਾਣਯੋਗ ਵਾਇਸ ਚਾਂਸਲਰ ਸਾਹਿਬ ਵਲੋਂ ਬੜੀ ਗੰਭੀਰਤਾ ਨਾਲ ਲਿਆ ਅਤੇ ਡੀਨ, ਅਕਾਦਮਿਕ ਮਾਮਲੇ ਜੀ ਨੂੰ ਆਦੇਸ਼ ਦਿੱਤੇ ਕਿ 2016-17 ਦੌਰਾਨ ਸਾਰੀਆਂ ਰਿਪੋਰਟਾਂ I.Q.A.C. ਦਫਤਰ ਵਿਚ ਪਹੁੰਚਣੀਆਂ ਯਕੀਨੀ ਬਣਾਈਆਂ ਜਾਣ।

[signature] 9.10.17
ਡਾਇਰੈਕਟਰ
(ਆਈ.ਕਿਊ.ਏ.ਸੀ)

- ਡੀਨ ਅਕਾਦਮਿਕ ਮਾਮਲੇ ਸਾਹਿਬ [signature] 10.10.17

ਵਾਈਸ ਚਾਂਸਲਰ ਸਾਹਿਬ

[signature] 23.11.17

Office of the Vice-Chancellor, Punjabi University, Patiala
Diary No. 3192
Date 24/11/17

DAA [signature] 27.11.17

Dir. (IQAC)

840/IQAC
27/11/17